## ਜਮਾਤ- ਨੌਵੀਂ

## ਵਾਰਤਕ ਭਾਗ

## ਲੇਖਕ :- ਡਾ: ਹਰਪਾਲ ਸਿੰਘ ਪੰਨੂ

# " ਬੇਬੇ ਜੀ "

**ਪ੍ਰਸ਼ਨ :- 'ਬੇਬੇ' ਜੀ ਲੇਖ ਦਾ ਸੰਖੇਪ-ਸਾਰ ਲਿਖੋ ।**

ਉੱਤਰ-ਚਾਰ-ਪੰਜ ਸਾਲ ਦੀ ਉਮਰ ਤੱਕ ਲੇਖਕ ਖੂਹੋਂ ਪਾਣੀ ਭਰਨ ਲਈ ਗੇੜੇ ਮਾਰਦੀ ਆਪਣੀ ਬੇਬੇ ਦੀ ਕਮੀਜ਼ ਦੀ ਕੰਨੀ ਫੜ੍ਹ ਕੇ ਨਾਲ-ਨਾਲ ਤੁਰਦਾ ਰਹਿੰਦਾ ਸੀ । ਉਸ ਦੇ ਘਰ ਹੋਣ ਤੇ ਉਨ੍ਹਾਂ ਲਈ ਦਿਨ-ਰਾਤ ਤਿਉਹਾਰਾਂ ਵਰਗੇ ਹੁੰਦੇ, ਪਰ ਜਦੋਂ ਉਹ ਦੋ-ਚਾਰ ਦਿਨ ਕਿਧਰੇ ਰਿਸ਼ਤੇਦਾਰੀ ਵਿੱਚ ਚਲੀ ਗਈ ਹੁੰਦੀ, ਤਾਂ ਉਹ ਗੁੰਮ-ਸੁੰਮ ਜਿਹੇ ਫਿਰਦੇ ਰਹਿੰਦੇ । ਉਨ੍ਹਾਂ ਦੇ ਬਾਪੂ ਦਾ ਸੁਭਾ ਸਖ਼ਤ ਸੀ, ਪਰ ਬੇਬੇ ਦੀ ਗੈਰਹਾਜ਼ਰੀ ਵਿੱਚ ਉਹ ਉਨ੍ਹਾਂ ਨੂੰ ਮਾਰਦਾ ਨਹੀਂ ਸੀ । ਜਦੋਂ ਕਦੇ ਬੇਬੇ ਪੈਸਿਆਂ ਦੀ ਤੰਗੀ ਕਾਰਨ ਉਨ੍ਹਾਂ ਨੂੰ ਕੱਪੜੇ ਜਾਂ ਕਿਤਾਬਾਂ-ਕਾਪੀਆਂ ਨਾ ਲੈ ਕੇ ਦੇ ਸਕਦੀ, ਤਾਂ ਉਹ ਉਨ੍ਹਾਂ ਦੇ ਨਾਨਕਿਆਂ ਦੇ ਜਾਂਦੀ, ਜੋ ਰੱਜੇ-ਪੁੱਜੇ ਹੋਣ ਕਰਕੇ ਉਨ੍ਹਾਂ ਦੀ ਬਹੁਤ ਸਹਾਇਤਾ ਕਰਦੇ ਸਨ ।

ਪਟਿਆਲੇ ਪੜ੍ਹਦਿਆਂ ਲੇਖਕ ਜਦੋਂ ਘਰੋਂ ਤੁਰਦਾ, ਤਾਂ ਬੇਬੇ ਦੀਆਂ ਅੱਖਾਂ ਛਲਕ ਪੈਂਦੀਆਂ ਹਨ ਤੇ ਉਹ ਦੱਸਦੀ ਹੈ ਕਿ ਬੱਚੇ ਜਦੋਂ ਮਾਂ ਦੀਆਂ ਨਜ਼ਰਾਂ ਤੋਂ ਪਰ੍ਹੇ ਹੁੰਦੇ ਹਨ, ਤਾਂ ਉਹ ਫ਼ਿਕਰਮੰਦ ਰਹਿੰਦੀ ਹੈ । ਉਸ ਨੇ ਲੇਖਕ ਨੂੰ ਦੱਸਿਆ ਕਿ ਉਸ ਦੀ ਮਾਮੀ ਗੁਰਦਿਆਲ ਕੌਰ ਬਹੁਤ ਸੋਹਣੀ ਸੀ ਤੇ ਉਹ ਉਸ ਨੂੰ ਆਪਣੀ ਸਹੇਲੀ ਸਮਝਦੀ ਸੀ, ਜਿਸ ਨੇ ਉਸ ਨੂੰ ਕਿਹਾ ਸੀ ਕਿ ਉਹ ਘਰ ਵਿੱਚ ਸਭ ਦੀ ਬਾਂਦੀ ਬਣ ਕੇ ਰਹੇਗੀ । ਲੇਖਕ ਦੱਸਦਾ ਹੈ ਕਿ ਦੁਸਹਿਰੇ ਤੋਂ ਪਹਿਲਾਂ ਉਨ੍ਹਾਂ ਦੇ ਘਰ ਦੀ ਲਿਪਾਈ ਹੁੰਦੀ, ਜਿਸ ਵਿੱਚ ਸਾਰੇ ਮਿਲ ਕੇ ਹਿੱਸਾ ਪਾਉਂਦੇ । ਜਦੋਂ ਵਿਸਾਖ ਮਹੀਨੇ ਵਿੱਚ ਕਣਕਾਂ ਪੱਕਦੀਆਂ ਤਾਂ ਬੱਦਲ ਚੜ੍ਹ ਆਉਂਦੇ । ਬੇਬੇ ਦੱਸਦੀ ਕਿ ਵਿਸਾਖ ਇਹ ਦੱਸਦਾ ਹੈ ਕਿ ਉਸ ਵਿੱਚ ਤੇ ਸਾਉਣ ਵਿੱਚ ਕੋਈ ਫ਼ਰਕ ਨਹੀਂ । ਗੱਲਾਂ ਕਰਦਿਆਂ ਬੇਬੇ ਨੂੰ ਉਪਮਾ ਅਲੰਕਾਰ ਆਪਮੁਹਾਰੇ ਉੱਤਰਦੇ ਸਨ ਤੇ ਲੇਖਕ ਨੂੰ ਉਹ ਭਾਸ਼ਾ ਦੀ ਟਕਸਾਲ ਜਾਪਦੀ ਸੀ । ਬੇਬੇ ਜੋਖ਼ਮ ਭਰੇ ਕੰਮਾਂ ਤੋਂ ਘਬਰਾਉਣ ਤੋਂ ਵਰਜਦੀ ਤੇ ਮਿਸਾਲਾਂ ਦੇ ਕੇ ਉੱਦਮ ਕਰਨ ਦੀ ਪ੍ਰੇਰਨਾ ਦਿੰਦੀ । ਉਹ ਉਸ ਗੁਆਂਢੀ ਦੀ ਖੂਬ ਝਾੜ-ਝੰਬ ਕਰਦੀ, ਜਿਹੜਾ ਜ਼ਨਾਨੀ ਨੂੰ ਕੁੱਟਦਾ । ਉਹ ਲੇਖਕ ਨੂੰ ਮਿਲਣ ਲਈ ਬਿਹਬਲ ਰਹਿੰਦੀ ਸੀ ਤੇ ਆਪਣੇ ਆਪ ਨੂੰ ਵੱਡੇ ਕਿਲ੍ਹੇ ਦਾ ਜਿੰਦਰਾ ਸਮਝਦੀ ਸੀ, ਜਿਹੜਾ ਉਸ ਦੇ ਆਉਣ ਨਾਲ ਹੀ ਖੁੱਲ੍ਹਦਾ ਸੀ। ਹੁਣ ਉਸ ਨੂੰ ਘੱਟ ਸੁਣਦਾ ਤੇ ਘੱਟ ਦਿਸਦਾਸੀ ਪਰ ਉਹ ਉਨ੍ਹਾਂ ਨੂੰ ਦੇਖ ਕੇ ਕਦੀ ਖੁਸ਼ ਹੋ ਜਾਂਦੀ ਤੇ ਕਦੀ ਉਦਾਸ ਹੋ ਜਾਂਦੀ । ਉਹ ਉਨ੍ਹਾਂ ਦੀ ਤੋਰ ਤੇ ਚਿਹਰਿਆਂ ਤੋਂ ਹੀ ਪਛਾਣ ਲੈਂਦੀ ਸੀ ਕਿ ਉਹ ਖੁਸ਼ ਹਨ ਜਾਂ ਉਦਾਸ । ਉਹ ਨੱਬੇ ਸਾਲਾਂ ਦੀ ਹੋ ਕੇ ਵੀ ਆਪਣੇ ਜਨਮ-ਪਿੰਡ ਨੂੰ ਹੀ ਆਪਣਾ ਪਿੰਡਸਮਝਦੀ ਸੀ । ਉਹ ਕਹਿੰਦੀ ਸੀ ਕਿ ਜਿੰਨਾ ਚਿਰ ਉਹ ਜਿਊਂਦੀ ਹੈ, ਓਨਾ ਚਿਰ ਹੀ ਉਹ ਸਾਰੇ ਭੈਣ-ਭਾਈ ਤੇ ਰਿਸ਼ਤੇਦਾਰ ਮਿਲਦੇ ਹਨ, ਪਰ ਜਦੋਂ ਉਹ ਨਾ ਰਹੀ, ਤਾਂ ਇਹ ਰਾਜਧਾਨੀ ਟੁੱਟ ਜਾਵੇਗੀ । ਉਹ ਉਨ੍ਹਾਂ ਦੀ ਤਰੱਕੀ ਤੋਂ ਖੁਸ਼ ਸੀ ਤੇ ਆਸ ਕਰਦੀ ਸੀ ਕਿ ਉਨ੍ਹਾਂ ਦੇ ਬੱਚੇ ਹੋਰ ਅੱਗੇ ਵੱਧਣਗੇ । ਉਹ ਕਹਿੰਦੀ ਸੀ ਕਿ ਜਦੋਂ ਉਹ ਨਾ ਰਹੀ, ਤਾਂ ਉਨ੍ਹਾਂ ਦਾ ਇਸ ਘਰ ਵਿੱਚ ਆਉਣ ਨੂੰ ਦਿਲ ਵੀ ਨਹੀਂ ਕਰਿਆ ਕਰੇਗਾ । ਲੇਖਕ ਦੱਸਦਾ ਹੈ ਕਿ ਉਸ ਦਾ ਛੋਟਾ ਭਰਾ ਮਾਪਿਆਂ ਦੀ ਸੇਵਾ ਕਰਦਾ ਰਿਹਾ ਤੇ ਉਹ ਹਰ ਖ਼ੁਸ਼ੀ-ਗ਼ਮੀ ਤੇ ਤਿੱਥ-ਤਿਉਹਾਰ ਉੱਤੇ ਉੱਥੇ ਇਕੱਠੇ ਹੁੰਦੇ ਰਹੇ ।

## ਸੰਖੇਪ ਉੱਤਰ ਵਾਲੇ ਪ੍ਰਸ਼ਨ:-

**ਪ੍ਰਸ਼ਨ 1. ਲੇਖਕ ਦੇ ਬਚਪਨ ਦਾ ਜੀਵਨ ਕਿਹੋ ਜਿਹਾ ਸੀ ?**

ਉੱਤਰ-ਲੇਖਕ ਦਾ ਬਚਪਨ ਬੇਬੇ ਦੇ ਪਿਆਰ ਨਾਲ ਭਰਿਆ ਹੋਇਆ ਸੀ । ਜਦੋਂ ਬੇਬੇ ਘਰ ਹੁੰਦੀ, ਤਾਂ ਉਸ ਨੂੰ ਦਿਨ-ਰਾਤ ਤਿਉਹਾਰਾਂ ਵਰਗੇ ਲੱਗਦੇ। ਉਹ ਪੜ੍ਹਦੇ, ਖੇਡਦੇ, ਡੰਗਰ ਚਾਰਦੇ, ਖੇਤੀ ਵਿੱਚ ਹੱਥ ਵਟਾਉਂਦੇ, ਦਰੱਖ਼ਤਾਂ ਉੱਤੇ ਚੜ੍ਹਦੇ-ਉੱਤਰਦੇ, ਛਾਲਾਂ ਮਾਰਦੇ, ਨਹਿਰ ਵਿੱਚ ਕੁੱਦਦੇ ਤੇ ਰੇਤ ਵਿੱਚ ਲਿਟਦੇ, ਪਰ ਸੱਟ-ਫੇਟ, ਬਿਮਾਰੀ ਨੇੜੇ-ਤੇੜੇ ਨਹੀਂ ਸੀ । ਜਦੋਂ ਬੇਬੇ ਘਰ ਨਹੀਂ ਸੀ ਹੁੰਦੀ, ਤਾਂ ਉਹ ਚੁੱਪ-ਚਾਪ ਗੁੰਮ-ਸੁੰਮ ਜਿਹੇ ਇੱਧਰ-ਉੱਧਰ ਫਿਰਦੇ ਰਹਿੰਦੇ। ਉਨ੍ਹਾਂ ਦੇ ਬਾਪੂ ਦਾ ਸੁਭਾ ਸਖ਼ਤ ਸੀ ਪਰ ਬੇਬੇ ਦੀ ਗ਼ੈਰਹਾਜ਼ਰੀ ਵਿੱਚ ਉਹ ਉਨ੍ਹਾਂ ਨੂੰ ਮਾਰਦਾ ਨਹੀਂ ਸੀ ਕਿਉਂਕਿ ਉਹ ਰੋਣੋਂ ਨਹੀਂ ਸੀ ਹੱਟਦੇ। ਉਨ੍ਹਾਂ ਦਾ ਬਚਪਨ ਗ਼ਰੀਬੀ ਭਰਿਆ ਵੀ ਸੀ, ਪਰ ਉਨ੍ਹਾਂ ਦੇ ਘਰ ਨਾਨਕਿਆਂ ਵਲੋਂ ਬਹੁਤ ਮਦਦ ਆਉਂਦੀ ਸੀ।

**ਪ੍ਰਸ਼ਨ 2. ਪੁੱਤਰ ਦੇ ਘਰੋਂ ਤੁਰਨ ਸਮੇਂ ਮਾਂ-ਪੁੱਤਰ ਦੀ ਆਪਸੀ ਗੱਲ-ਬਾਤ ਦਾ ਵਰਣਨ ਕਰੋ ।**

ਉੱਤਰ-ਜਦੋਂ ਪਟਿਆਲੇ ਪੜ੍ਹਦਿਆਂ ਲੇਖਕ ਘਰੋਂ ਤੁਰਨ ਲੱਗਦਾ, ਤਾਂ ਉਸ ਦੀ ਬੇਬੇ ਦੀਆਂ ਅੱਖਾਂ ਛਲਕ ਪੈਂਦੀਆਂ। ਲੇਖਕ ਖੂਬ ਹੱਸਦਾ ਤੇ ਉਸ ਨੂੰ ਪੁੱਛਦਾ ਕਿ ਕੀ ਉਹ ਸਰਹੱਦ ਉੱਤੇ ਜੰਗ ਲੜ੍ਹਨ ਚੱਲਿਆ ਹੈ ਕਿ ਉਸ ਨੇ ਰੋਣਾ-ਧੋਣਾ ਸ਼ੁਰੂ ਕਰ ਦਿੱਤਾ ਹੈ । ਇਹ ਸੁਣ ਕੇ ਉਹ ਅੱਖਾਂ ਪੂੰਝਦੀ ਹੋਈ ਕਹਿੰਦੀ  ਕਟਰੂ-ਵਛਰੂ ਕੋਈ ਸਰਹੱਦਾਂ ਉੱਤੇ ਲੜ੍ਹਨ ਨਹੀਂ ਜਾਂਦੇ, ਪਰ ਜ਼ਰਾ ਅੱਖਾਂ ਤੋਂ ਓਹਲੇ ਹੋਣ, ਤਾਂ ਮੱਝਾਂ-ਗਾਂਵਾਂ ਅੜਿੰਗਣ ਲੱਗ ਪੈਂਦੀਆਂ  ਹਨ, ਰੱਸੇ ਤੁੜਾਉਂਦੀਆਂ ਹਨ । ਪਸ਼ੂ-ਪੰਛੀ ਤੱਕ ਸਭ ਮਾਂਵਾਂ ਇਹ ਜਾਣਦੀਆਂ ਹਨ ਕਿ ਜਿੱਥੇ ਤਕ ਬੱਚੇ ਨਜ਼ਰ ਵਿੱਚ  ਹਨ, ਸਭ ਠੀਕ ਹੈ, ਅੱਖੋਂ ਓਹਲੇ ਪਤਾ ਨਹੀਂ ਕੀ ਵਾਪਰ ਜਾਵੇ, ਪਰ ਉਹ ਇਸ ਗੱਲ ਨੂੰ ਨਹੀਂ ਸਮਝ ਸਕਦਾ ।

**ਪ੍ਰਸ਼ਨ 3. ਲੇਖਕ ਦੇ ਪਰਿਵਾਰ ਦੀ ਉਸ ਦੇ ਨਾਨਕੇ ਕਿਵੇਂ ਮਦਦ ਕਰਦੇ ਸਨ ?**

ਉੱਤਰ-ਲੇਖਕ ਦੇ ਮਾਮੇ ਰੱਜੇ-ਪੁੱਜੇ ਵਾਹੀਕਾਰ ਸਨ । ਉਹ ਲੇਖਕ ਦੇ ਪਰਿਵਾਰ ਦੀ ਬਹੁਤ ਸਹਾਇਤਾ ਕਰਦੇ ਸਨ । ਜਦੋਂ ਘਰ ਵਿੱਚ ਉਨ੍ਹਾਂ ਦੇ ਕੱਪੜੇ ਜਾਂ ਕਿਤਾਬਾਂ-ਕਾਪੀਆਂ ਲੈਣ ਲਈ ਪੈਸੇ ਨਾ ਹੁੰਦੇ, ਤਾਂ ਉਨ੍ਹਾਂ ਦੀ ਬੇਬੇ ਆਪਣੇ ਮਾਪਿਆਂ ਦੇ ਜਾਂਦੀ ਤੇ ਉੱਥੋਂ ਉਹ ਖ਼ਾਲੀ ਨਹੀਂ ਸੀ ਆਉਂਦੀ। ਉਹ ਉਨ੍ਹਾਂ ਦੇ ਘਰੋਂ ਦੁੱਧੋਂ ਹਟੀ ਮੱਝ ਜਾਂ ਗਾਂ ਲੈ ਕੇ ਸੂਈ ਹੋਈ ਛੱਡ ਜਾਂਦੇ । ਉਹ ਲੇਖਕ ਹੋਰਾਂ ਨੂੰ ਘਿਓ ਤੇ ਖੋਆ ਦਿੰਦੇ ਤੇ ਘੋੜੀ ਉੱਤੇ ਝੂਟੇ ਦਿੰਦੇ।

**ਪ੍ਰਸ਼ਨ 4. ਲੇਖਕ ਦੇ ਘਰ ਦੀ ਲਿਪਾ-ਪੋਚੀ ਅਤੇ ਸਜਾਵਟ ਦਾ ਕੰਮ ਕਿਵੇਂ ਕੀਤਾ ਜਾਂਦਾ ਸੀ ?**

ਉੱਤਰ-ਲੇਖਕ ਦੇ ਘਰ ਦੁਸਹਿਰੇ ਤੋਂ ਪਹਿਲਾਂ ਲਿਪਾ-ਪੋਚੀ ਦਾ ਕੰਮ ਹੋ ਜਾਂਦਾ । ਉਹ ਸਾਰੇ ਰਲ ਕੇ ਇਹ ਕੰਮ ਕਰਦੇ । ਕੰਧਾਂ ਉੱਪਰ ਪਾਂਡੂ ਪਰੋਲਾ ਫਿਰਦਾ ਤੇ ਫ਼ਰਸ਼ ਗਾਰੇ ਨਾਲ ਲਿਪਿਆ ਜਾਂਦਾ । ਕੋਈ ਗਾਰੇ ਵਿਚ ਪਾਣੀ ਪਾ ਰਿਹਾ ਹੁੰਦਾ ਤੇ ਕੋਈ ਕਹੀ ਨਾਲ ਗੋਹਾ ਤੇ ਤੂੜੀ ਗਾਰੇ ਵਿਚ ਰਲਾ ਰਿਹਾ ਹੁੰਦਾ । ਕੋਈ ਲਿਪਣ ਵਿਚ ਮਦਦ ਕਰਦਾ ਹੁੰਦਾ । ਖੁਰਲੀਆਂ ਤਕ ਸਭ ਕੁੱਝ ਲਿਪਿਆ ਜਾਂਦਾ ਤੇ ਛੱਤਾਂ ਵੀ। ਪਸ਼ੂਆਂ ਦੇ ਸਿੰਙਾਂ ਨੂੰ ਤੇਲ ਲਾਇਆ ਜਾਂਦਾ । ਸਾਰਾ ਘਰ ਸੁਗੰਧੀਆਂ ਨਾਲ ਭਰ ਜਾਂਦਾ । ਲੇਖਕ ਦਾ ਬਾਪੂ ਕੰਧਾਂ ਉੱਪਰ ਟੰਗਣ ਲਈ ਤਸਵੀਰਾਂ ਲਿਆਉਂਦਾ ।

**ਪ੍ਰਸ਼ਨ 5. ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ-ਆਪਣੇ ਪੁੱਤਰਾਂ ਨੂੰ ਕੀ ਸੰਦੇਸ਼ ਦਿੰਦੀ ਹੈ ?**

ਉਤਰ-ਬੇਬੇ ਔਖਾ ਕੰਮ ਨੇਪਰੇ ਚਾੜ੍ਹਨ ਲਈ ਆਪਣੇ ਪੁੱਤਰ ਨੂੰ ਹੱਲਾ-ਸ਼ੇਰੀ ਦਿੰਦੀ ਹੈ । ਉਹ ਜਦੋਂ ਬੇਬੇ ਨੂੰ ਕਿਸੇ ਕੰਮ ਦੇ ਖਤਰਿਆਂ ਬਾਰੇ ਦੱਸਦੇ, ਤਾਂ ਉਹ ਕਹਿੰਦੀ ਕਿ ਮੱਖੀਆਂ ਦੇ ਡੰਗ ਤੋਂ ਡਰਦਿਆਂ ਆਦਮੀ ਨੇ ਮਖਿਆਲ ਖਾਣਾ ਨਹੀਂ ਛੱਡਿਆ । ਦੁਲੱਤੇ ਮਾਰਦੀਆਂ ਗਾਂਵਾਂ ਦਾ ਦੁੱਧ ਚੋਣੋਂ ਕੀ ਅਸੀਂ ਹੱਟ ਜਾਂਦੇ ਹਾਂ ? ਕਦੀ ਕਿਹਾ ਹੈ ਕਿਸੇ ਨੇ ਕਿ ਏਨੀ ਤੂੜੀ ਵਿਚੋਂ ਕੌਣ ਦਾਣੇ ਕੱਢਦਾ ਹੈ ? ਫਿਰ ਖੇਤ ਇਸ ਕਰਕੇ ਨਹੀਂ ਵਾਹੁਣ ਜਾਵਾਂਗੇ ਕਿ ਕੰਡਿਆਲੀ ਬੜੀ ਹੈ ? ਕਿਲ੍ਹੇ ਦੀ ਕੰਧ ਵਾਂਗ ਜੰਮੀਆਂ ਹੋਈਆਂ ਰੋਹੀਆਂ ਤੋੜ ਕੇ ਤਿਆਰ ਕੀਤੀ ਜ਼ਮੀਨ ਦੇ ਅੰਨ ਦੀ ਰੋਟੀ ਪਕਾ ਕੇ ਖਾਧੀ ਹੈ, ਅਸਾਂ । ਤੁਸੀਂ ਮਾੜੇ ਕੁ ਖ਼ਤਰੇ ਤੋਂ ਘਬਰਾ ਗਏ । ਜੁਆਨੀ ਦੇ ਦਿਨੀਂ ਏਨੀ ਤਾਕਤ ਹੋਇਆ ਕਰਦੀ ਸੀ ਏਨਾ ਹੌਸਲਾ ਕਿ ਪਿਆਸ ਲੱਗੀ ਹੈ। ਫੇਰ ਕੀ ਹੋਇਆ ਜੇ ਪਾਣੀ ਨਹੀਂ, ਖੂਹ ਪੁੱਟੇ ਤੇ ਪਾਣੀ ਪੀਓ । ਔਖੀ ਚੀਜ਼ ਕਿਹੜੀ ਹੈ, ਜੇ ਰੱਬ ਸਾਥ ਦੇਵੇ, ਭਰੋਸਾ ਰੱਖੋ, ਗੁਰੂ ਤੁਹਾਡੇ ਅੰਗ-ਸੰਗ ਹੈ ।

**ਪ੍ਰਸ਼ਨ 6. ‘ਬੇਬੇ ਜੀ ਪਾਠ ਵਿਚ ਬੇਬੇ ‘ਜਿੰਦਰਾ' ਅਤੇ 'ਕੁੰਜੀਆਂ' ਸ਼ਬਦ ਕਿਨ੍ਹਾਂ ਲਈ ਵਰਤਦੀ ਹੈ ਤੇ ਕਿਉਂ?**

ਉੱਤਰ-ਬੇਬੇ ‘ਜਿੰਦਰਾ' ਸ਼ਬਦ ਆਪਣੇ ਲਈ ਤੇ 'ਕੁੰਜੀਆਂ' ਸ਼ਬਦ ਆਪਣੇ ਬੱਚਿਆਂ ਲਈ ਵਰਤਦੀ ਹੈ । ਉਹ ਜਿੰਦਰਾ ਇਨ੍ਹਾਂ ਕੁੰਜੀਆਂ ਨਾਲ ਹੀ ਖੁੱਲ੍ਹਦਾ ਸੀ ਤੇ ਇਸ ਨੂੰ ਉਹ ਹੀ ਖੋਲ੍ਹ ਕੇ ਇਸ ਦਾ ਅੰਦਰ ਫਰੋਲ ਸਕਦੇ ਸਨ, ਜਿਸ ਵਿਚ ਬਹੁਤ ਕੁੱਝ ਸੀ ।

**ਪ੍ਰਸ਼ਨ 7. ਬੇਬੇ ਆਪਣੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਵਿਚਕਾਰ ਇਕ ਕੜੀ ਦਾ ਕੰਮ ਕਿਵੇਂ ਕਰਦੀ ਹੈ?**

ਉੱਤਰ-ਬੇਬੇ ਨੂੰ ਮਿਲਣ ਲਈ ਸਾਰੇ ਪੁੱਤਰ ਤੇ ਰਿਸ਼ਤੇਦਾਰ ਘਰ ਵਿਚ ਆਉਂਦੇ-ਜਾਂਦੇ ਰਹਿੰਦੇ ਹਨ । ਇਸ ਕਰਕੇ ਉਨ੍ਹਾਂ ਵਿਚਕਾਰ ਆਪਸੀ ਸੰਬੰਧ ਕਾਇਮ ਰਹਿੰਦੇ ਸਨ ਤੇ ਉਨ੍ਹਾਂ ਦੀ ਸਾਂਝ ਬਣੀ ਰਹਿੰਦੀ ਸੀ। ਇਸ ਤਰ੍ਹਾਂ ਬੇਬੇ ਸਾਰੇ ਪੁੱਤਰਾਂ ਤੇ ਰਿਸ਼ਤੇਦਾਰਾਂ ਨੂੰ ਜੋੜੀ ਰੱਖਣ ਵਾਲੀ ਇਕ ਕੜੀ ਦਾ ਕੰਮ ਕਰਦੀ ਸੀ ।

**ਪ੍ਰਸ਼ਨ 8. "ਜਦੋਂ ਬੇਬੇ-ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਗੇ, ਹੁਣ ਵਾਂਗ" ? ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਿਉਂ ਕਹੇ ?**

ਉੱਤਰ-ਇਹ ਸ਼ਬਦ "ਬੇਬੇ ਜੀ" ਲੇਖ ਵਿਚ ਲੇਖਕ ਦਾ ਛੋਟਾ ਭਰਾ ਉਦੋਂ ਹੌਲੀ ਜਿਹੀ ਆਖਦਾ, ਜਦੋਂ ਉਹ ਪਰਿਵਾਰ ਸਮੇਤ ਖ਼ੁਸ਼ੀ ਜਾਂ ਗ਼ਮੀ ਦੇ ਮੌਕੇ ਜਾਂ ਤਿੱਥ-ਤਿਓਹਾਰ 'ਤੇ ਉਨ੍ਹਾਂ ਨਾਲ ਕੁੱਝ ਦਿਨ ਗੁਜ਼ਾਰਨ ਮਗਰੋਂ ਉਨ੍ਹਾਂ ਤੋਂ ਵਿਛੜਨ ਲੱਗਦੇ । ਉਹ ਇਹ ਗੱਲ ਇਸ ਕਰਕੇ ਕਹਿੰਦਾ ਕਿਉਂਕਿ ਉਸ ਨੂੰ ਇਹ ਤੌਖਲਾ ਸੀ ਕਿ ਉਸ ਦੇ ਭਾਈ ਤੇ ਰਿਸ਼ਤੇਦਾਰ ਉਸ ਨੂੰ ਬੇਬੇ ਕਰਕੇ ਹੀ ਮਿਲਣ ਆਉਂਦੇ ਹਨ, ਜਦੋਂ ਉਹ ਨਾ ਰਹੀ, ਤਾਂ ਸ਼ਾਇਦ ਉਹ ਹੁਣ ਵਾਂਗ ਨਾ ਆਇਆ ਕਰਨ ।

**ਪ੍ਰਸ਼ਨ 9. ਲੇਖਕ ਨੂੰ ਸੁਪਨੇ ਵਿਚ ਬੇਬੇ ਕੀ ਕੰਮ ਕਰਦੀ ਨਜ਼ਰ ਆਉਂਦੀ ਹੈ ? ਆਪਣੇ ਸ਼ਬਦਾਂ ਵਿਚ ਲਿਖੋ।**

ਉੱਤਰ-ਲੇਖਕ ਨੂੰ ਸੁਪਨੇ ਵਿਚ ਬੇਬੇ ਕਦੀ ਖੇਤ ਵਿਚ ਮਿਰਚਾਂ ਤੋੜਦੀ ਫਿਰਦੀ ਤੇ ਕਦੀ ਕਪਾਹ ਚੁਗਦੀ ਦਿਸਦੀ ! ਕਦੀ ਉਹ ਵਛਰੂਆਂ ਦੀਆਂ ਬੂਥੀਆਂ ਪਲੋਸ ਰਹੀ ਹੁੰਦੀ ਤੇ ਕਦੀ ਮੱਝਾਂ ਨੂੰ ਥਾਪੀ ਦੇ ਰਹੀ ਹੁੰਦੀ । ਕਦੇ ਉਹ ਉਸ ਨੂੰ ਫਟੇ-ਪੁਰਾਣੇ ਟਾਕੀਆਂ ਵਾਲੇ ਖੱਦਰ ਦੇ ਕੱਪੜੇ ਪਾਈ ਮਿੱਟੀ-ਘੱਟੇ ਵਿਚ ਲੱਥ-ਪੱਥ ਝਾੜੂ ਦਿੰਦੀ ਦਿਸਦੀ ਤੇ ਕਦੀ ਪਾਥੀਆਂ ਪੱਥਦੀ ।

## ਵਸਤੂਨਿਸ਼ਠ ਪ੍ਰਸ਼ਨ-ਉੱਤਰ:-

**ਪ੍ਰਸ਼ਨ - 'ਬੇਬੇ ਜੀ' ਲੇਖ ਦਾ ਲੇਖਕ ਕੌਣ ਹੈ ?**

ਉੱਤਰ-ਡਾ: ਹਰਪਾਲ ਸਿੰਘ ਪੰਨੂ ।

**ਪ੍ਰਸ਼ਨ - ਲੇਖਕ ਬਚਪਨ ਦੀ ਜਿਹੜੀ ਯਾਦ ਦਾ ਜ਼ਿਕਰ ਕਰਦਾ ਹੈ, ਉਦੋਂ ਉਸ ਦੀ ਉਮਰ ਕਿੰਨੀ ਸੀ ?**

ਉੱਤਰ-ਚਾਰ-ਪੰਜ ਸਾਲ ।

**ਪ੍ਰਸ਼ਨ - ਜਦੋਂ ਬੇਬੇ ਘਰ ਹੁੰਦੀ, ਤਾਂ ਲੇਖਕ ਨੂੰ ਦਿਨ-ਰਾਤ ਕਿਸ ਤਰ੍ਹਾਂ ਬੀਤਦੇ ਲੱਗਦੇ ?**

ਉੱਤਰ-ਤਿਉਹਾਰ ਵਾਂਗ ।

**ਪ੍ਰਸ਼ਨ - ਲੇਖਕ ਦੇ ਬਾਪੂ ਦਾ ਸੁਭਾ ਕਿਹੋ ਜਿਹਾ ਸੀ ?**

ਉੱਤਰ- ਸਖ਼ਤ ।

**ਪ੍ਰਸ਼ਨ - ਲੇਖਕ ਦੇ ਮਾਪਿਆਂ ਕੋਲ ਕਿੰਨੀ ਜ਼ਮੀਨ ਸੀ ?**

ਉੱਤਰ-ਪੰਜਾਹ ਏਕੜ ।

**ਪ੍ਰਸ਼ਨ -ਲੇਖਕ ਦੀ ਛੋਟੀ ਮਾਮੀ ਦਾ ਨਾਂ ਕੀ ਸੀ ?**

ਉੱਤਰ-ਗੁਰਦਿਆਲ ਕੌਰ ।

**ਪ੍ਰਸ਼ਨ - ਲੇਖਕ ਦੀ ਮਾਂ ਨੂੰ ਕਿੱਥੋਂ ਸਹਾਇਤਾ ਮਿਲਦੀ ਸੀ ?**

ਉੱਤਰ-ਭਰਾਵਾਂ ਤੋਂ ।

ਪ੍ਰਸ਼ਨ - ਲੇਖਕ ਦੀ ਬੇਬੇ ਗੁਰਦਿਆਲ ਕੌਰ ਨੂੰ ਆਪਣੀ ਭਰਜਾਈ ਦੀ ਥਾਂ ਕੀ ਸਮਝਦੀ ਸੀ ?

ਉੱਤਰ-ਸਹੇਲੀ ।

ਪ੍ਰਸ਼ਨ - ਗੱਲਾਂ ਕਰਦਿਆਂ ਬੇਬੇ ਦੇ ਮੂੰਹੋਂ ਕਿਹੜੇ ਅਲੰਕਾਰ ਸਹਿਜ-ਸੁਭਾਅ ਨਿਕਲਦੇ ਸਨ ?

ਉੱਤਰ-ਉਪਮਾ- ਅਲੰਕਾਰ ।

ਪ੍ਰਸ਼ਨ - ਲੇਖਕ ਨੂੰ ਆਪਣੀ ਬੇਬੇ ਕਾਹਦੀ ਟਕਸਾਲ ਜਾਪਦੀ ਸੀ ?

ਉੱਤਰ-ਭਾਸ਼ਾ ਦੀ ।

ਪ੍ਰਸ਼ਨ - ਬੇਬੇ ਖ਼ਤਰਿਆਂ ਤੋਂ ਨਾ ਘਬਰਾਉਣ ਲਈ ਕਿਸ ਉੱਤੇ ਭਰੋਸਾ ਰੱਖਣ ਲਈ ਕਹਿੰਦੀ ਸੀ ?

ਉੱਤਰ-ਗੁਰੂ ਉੱਤੇ ।

ਪ੍ਰਸ਼ਨ - ਲੇਖਕ ਦੀ ਬੇਬੇ ਨੂੰ ਬੁਢਾਪੇ ਵਿਚ ਆਪਣਾ ਆਪਾ ਕਿਸ ਤਰ੍ਹਾਂ ਦਾ ਲੱਗਦਾ ਸੀ ?

ਉੱਤਰ-ਵੱਡਾ ਜਿੰਦਰਾ ਜਾਂ ਥੇਹ ।

ਪ੍ਰਸ਼ਨ -ਲੇਖਕ ਦੀ ਬੇਬੇ ਕਿਨ੍ਹਾਂ ਨੂੰ ਮਿਲਣ ਲਈ ਉਤਾਵਲੀ ਰਹਿੰਦੀ ਸੀ ?

ਉੱਤਰ-ਆਪਣੇ ਬੱਚਿਆਂ ਨੂੰ ।

ਪ੍ਰਸ਼ਨ -ਬੇਬੇ ਦੀ ਉਮਰ ਕਿੰਨੇ ਵਰ੍ਹੇ ਹੋ ਗਈ ਸੀ ?

ਉੱਤਰ-ਨੱਬੇ ।

ਪ੍ਰਸ਼ਨ-ਬੇਬੇ ਕਿਹੜੇ ਪਿੰਡ ਨੂੰ ਆਪਣਾ ਪਿੰਡ ਸਮਝਦੀ ਸੀ ?

ਉੱਤਰ-ਪੇਕਿਆਂ ਦੇ ।

ਪ੍ਰਸ਼ਨ - ਲੇਖਕ ਨੂੰ ਕਿਸ ਦੇ ਸੁਪਨੇ ਆਉਂਦੇ ਰਹਿੰਦੇ ਸਨ ?

ਉੱਤਰ-ਬੇਬੇ ਦੇ ।


ਤਿਆਰ ਕਰਤਾ- ਨੀਟਾ ਭਾਟੀਆ

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੈਂਪ ਬਟਾਲਾ

ਜ਼ਿਲ੍ਹਾ- ਗੁਰਦਾਸਪੁਰ ।